

# ਵਾਯੂ ਅਯਿਔਨ

# ਯਰੂਸ਼ਲਮ ਸ਼ਹਿਰ



ਅੰਟੋਨੀਆ ਦਾ
ਕਿਲ੍ਹਾ
ਹੈਕਲ
ਔਰਤਾਂ ਦਾ
ਅਹਾਤਾ ਅਤੇ
ਖ਼ਜ਼ਾਨਾ
ਪਰਾਈਆਂ
ਕੌਮਾਂ ਦਾ
ਅਹਾਤਾ
ਹੇਰੋਦੇਸ ਦਾ
ਮਹਿਲ
ਜਲ
ਫਾਟਕ
ਜੈਤੂਨ
ਪਹਾੜ
ਗਿਹੋਨ ਦਾ
ਨਾਲਾ
ਬੈਤਅਨੀਆ
ਸਿਲੋਆਮ
ਦਾ
ਤਲਾਅ
ਕਿਦਰੋਨ ਦਾ ਨਾਲਾ
ਹਿੰਨੋਮ ਦੀ ਘਾਟੀ


ਯਿਸੂ ਦੀ ਸੇਵਕਾਈ
ਦੌਰਾਨ ਫ਼ਲਿਸਤੀਨ
ਸੈਦਾ
ਸੂਰ
ਫ਼ੈਨੀਕੇ
ਹਰਮੋਨ ਪਹਾੜ
ਕੈਸਰੀਆ ਫ਼ਿਲਿੱਪੀ
ਬਾਸ਼ਾਨ ਜ਼ਿਲ੍ਹਾ
ਕਫ਼ਰਨਹੂਮ
ਗਲੀਲ
ਗਲੀਲ ਦੀ ਝੀਲ
ਤਾਬੋਰ ਪਹਾੜ
ਦਿਕਾਪੁਲਿਸ
ਸਾਮਰੀਆ
ਯਰਦਨ ਦਰਿਆ
ਮਹਾ ਸਾਗਰ
ਪਿਰੀਆ
(ਯਰਦਨ ਦੇ ਪਾਰ)
ਯਰੀਹੋ
ਯਰੂਸ਼ਲਮ
ਬੈਤਅਨੀਆ
ਯਹੂਦੀਆ
ਖਾਰਾ ਸਮੁੰਦਰ
ਮੀਲ 0 10 20
ਕਿ. ਮੀ. 0 10 20 30

## ਯਿਸੂ ਦੇ ਦ੍ਰਿਸ਼ਟਾਂਤ

| | ਮੱਤੀ | ਮਰਕੁਸ | ਲੂਕਾ | ਕਿਹੜੇ ਭਾਗ ਵਿਚ |
|---|---|---|---|---|
| ਟੋਪੇ ਹੇਠ ਦੀਵਾ | 5:14, 15 | 4:21, 22 | 8:16; 11:33 | 2 |
| ਉੱਗਣ ਵਾਲਾ ਬੀ | | 4:26–29 | | 3 |
| ਬੁਧਵਾਨ ਅਤੇ ਮੂਰਖ ਘਰ ਬਣਾਉਣ ਵਾਲਾ | 7:24–27 | | 6:47–49 | 2 |
| ਪੁਰਾਣੇ ਕੱਪੜਿਆਂ ਤੇ ਨਵੀਂ ਟਾਕੀ | 9:16 | 2:21 | 5:36 | 3 |
| ਪੁਰਾਣੀ ਮਸ਼ਕਾਂ ਵਿਚ ਨਵਾਂ ਦਾਖਰਸ | 9:17 | 2:22 | 5:37, 38 | 3 |
| ਮਾਫ਼ ਕਰਨ ਵਾਲਾ ਦੇਣਦਾਰ | | | 7:41–43 | 3 |
| ਬੀ ਬੀਜਣ ਵਾਲਾ ਅਤੇ ਵੱਖ ਵੱਖ ਕਿਸਮ ਦੀ ਜ਼ਮੀਨ | 13:3–8, 18–23 | 4:3–8, 14–20 | 8:5–8, 11–15 | 3 |
| ਕਣਕ ਦਾ ਬੀ ਅਤੇ ਜੰਗਲੀ ਬੀ | 13:24–30, 36–43 | | | 3 |
| ਰਾਈ ਦਾ ਬੀ | 13:31, 32 | 4:30–32 | 13:18, 19 | 3 |
| ਖ਼ਮੀਰ | 13:33 | | 13:20, 21 | 3 |
| ਲੁਕਿਆ ਹੋਇਆ ਖ਼ਜ਼ਾਨਾ | 13:44 | | | 3 |
| ਬੇਸ਼ਕੀਮਤੀ ਮੋਤੀ | 13:45, 46 | | | 3 |
| ਜਾਲ | 13:47–50 | | | 3 |
| ਨਵੀਆਂ ਅਤੇ ਪੁਰਾਣੀਆਂ ਗੱਲਾਂ | 13:52 | | | 4 |
| ਗੁਆਚੀ ਭੇਡ | 18:12–14 | | 15:4–7 | 4 |
| ਬੇਰਹਿਮ ਸੇਵਕ | 18:23–34 | | | 4 |
| ਅੰਗੂਰੀ ਬਾਗ ਦੇ ਮਜ਼ਦੂਰ | 20:1–16 | | | 5 |
| ਦੋ ਪੁੱਤਰ | 21:28–32 | | | 5 |
| ਪਾਪੀ ਕਿਸਾਨ | 21:33–44 | 12:1–11 | 20:9–18 | 5 |
| ਵਿਆਹ ਦਾ ਭੋਜ | 22:2–14 | | | 5 |
| ਅੰਜੀਰ ਦਾ ਰੁੱਖ | 24:32–35 | 13:28, 29 | 21:29–31 | 6 |
| ਭਰੋਸੇਯੋਗ ਅਤੇ ਬੁੱਧਵਾਨ ਨੌਕਰ | 24:45–51 | | 12:42–48 | 6 |
| ਦਸ ਕੁਆਰੀਆਂ | 25:1–13 | | | 6 |
| ਗੁਲਾਮ ਅਤੇ ਤੋੜੇ | 25:14–30 | | 19:12–27 | 6 |
| ਭੇਡਾਂ ਅਤੇ ਬੱਕਰੀਆਂ | 25:31–46 | | | 6 |
| ਹੁਸ਼ਿਆਰ ਨੌਕਰ | | 13:35–37 | 12:35–40 | 6 |
| ਨੇਕ ਸਾਮਰੀ | | | 10:30–37 | 4 |
| ਲੋੜ ਦੇ ਵਕਤ ਦੋਸਤ | | | 11:5–8 | 4 |
| ਅਮੀਰ ਬੇਵਕੂਫ਼ | | | 12:16–21 | 4 |
| ਅੰਜੀਰ ਦਾ ਬੇਫਲ ਰੁੱਖ | | | 3:6–9 | 4 |
| ਦਾਅਵਤ ਵਿਚ ਥਾਂ | | | 14:7–14 | 4 |
| ....... ਸੱਦਾ | | | 14:16–24 | 4 |

| | | |
|---|---|---|
| ਖ਼ਰਚ ਜੋੜਨਾ | 14:28–33 | 4 |
| ਗੁਆਚਿਆ ਸਿੱਕਾ | 15:8–10 | 4 |
| ਗੁਆਚਿਆ (ਉਜਾੜੂ) ਪੁੱਤਰ | 15:11–32 | 4 |
| ਬੇਈਮਾਨ ਮੁਖ਼ਤਿਆਰ | 16:1–8 | 4 |
| ਇਕ ਮਾਲਕ ਅਤੇ ਉਹਦਾ ਨੌਕਰ | 17:7–10 | 5 |
| ਇਕ ਜ਼ਿੱਦੀ ਵਿਧਵਾ | 18:2–8 | 5 |
| ਫ਼ਰੀਸੀ ਅਤੇ ਮਸੂਲ ਲੈਣ ਵਾਲਾ | 18:10–14 | 5 |

ਟਿੱਪਣੀ

[1]ਇਸ ਸੂਚੀ ਵਿਚ ਯਿਸੂ ਵੱਲੋਂ ਦਿੱਤਾ ਗਿਆ ਹਰ ਸੰਕੇਤ ਅਲੰਕਾਰ ਅਤੇ ਕਹਾਵਤ ਦੀ ਵਰਤੋਂ ਕਰਨ ਲਈ ਕੀਤਾ ਗਿਆ ਹੈ, ਇਸ ਵਿਚ ਉਨ੍ਹਾਂ ਵਾਕਾਂ ਅਤੇ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦਾ ਵਰਗੀਕਰਣ ਦ੍ਰਿਸ਼ਟਾਂਤਾਂ ਦੇ ਰੂਪ ਵਿਚ ਹੁੰਦਾ ਹੈ।

# ‘‘ਨਰਕ’’ ਚੋਂ ਚਿੱਠੀ

ਪਤਾਲ ਲੋਕ
ਕੱਲ੍ਹ, ਅੱਜ ਅਤੇ ਭਲਕ
ਪ੍ਰਭੂ ਦੇ ਆਉਣ ਤਕ

ਪਿਆਰੇ ਦੋਸਤ,

ਬੇਸ਼ੱਕ ਮੇਰੀ ਚਿੱਠੀ ਵੇਖ ਕੇ ਤੁਹਾਨੂੰ ਹੈਰਾਨੀ ਹੋਵੇਗੀ। ਸੱਚ ਆਖਾਂ ਤਾਂ ਮੈਂ ਆਪ ਵੀ ਹੈਰਾਨ ਹਾਂ। ਜ਼ਿੰਦਾ ਲੋਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਣਾ ਬਿਲਕੁਲ ਅਣਹੋਣਾ ਹੈ। ਪਤਾ ਨਹੀਂ ਮੈਨੂੰ ਇਹ ਮੌਕਾ ਕਿਉਂ ਦਿੱਤਾ ਗਿਆ, ਪਰ ਉਮੀਦ ਹੈ ਕਿ ਇਸ ਦਾ ਫ਼ਾਇਦਾ ਵੱਧ ਤੋਂ ਵੱਧ ਲੋਕ ਲੈਣਗੇ।

ਤੁਹਾਡੇ ਲਈ ਮੇਰੀ ਕਹਾਣੀ ਭੁੱਲੀ ਯਾਦ ਹੀ ਹੋਵੇਗੀ, ਜਿਸ ਕਰਕੇ ਮੈਂ ਦੁਹਰਾਵਾਂਗਾ ਨਹੀਂ ਕਿ ਮੇਰੀ ਜ਼ਿੰਦਗੀ ਕਿਹੋ ਜਿਹੀ ਸੀ। ਬਲਕਿ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੈ ਆਪਣੇ ਅਨੁਭਵਾਂ ਤੋਂ ਸਿੱਖਿਆ ਹੈ। ਮੈਨੂੰ ਬਹੁਤ ਦੇਰ ਬਾਅਦ ਵਿਚ ਸਮਝ ਆਈ, ਸੋ ਹੁਣ ਮੈਂ ਦੂਜਿਆਂ ਨੂੰ ਇਹ ਸੰਦੇਸ਼ ਦੇਣ ਲਈ ਤੁਹਾਡੇ ਤੇ ਨਿਰਭਰ ਹਾਂ। ਕਿਰਪਾ ਕਰਕੇ ਇਹ ਸੰਦੇਸ਼ ਦੂਜਿਆਂ ਤਕ ਪਹੁੰਚਾਓ, ਤਾਂ ਜੋ ਕਿਤੇ ਉਹ ਇੱਥੇ ਨਾ ਆ ਜਾਣ! ਪਰ ਮੈਂ ਆਪਣੀ ਕਹਾਣੀ ਨੂੰ ਅੱਗੇ ਦੱਸ ਰਿਹਾ ਹਾਂ।

## ‘‘ਆਪਣੀ ਜ਼ਿੰਦਗੀ ਨੂੰ ਖ਼ੁਦਾ ਲਈ ਵਰਤੋ’’

ਪਹਿਲੀ ਅਤੇ ਜ਼ਰੂਰੀ ਗੱਲ ਜਿਹੜੀ ਮੈਂ ਤੁਹਾਨੂੰ ਆਖਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਹਰ ਕਿਸੇ ਦੀ ਜ਼ਿੰਦਗੀ ਦਾ ਕੋਈ ਨਾ ਕੋਈ ਮਕਸਦ ਹੁੰਦਾ ਹੈ। ਸਾਨੂੰ ਧਰਤੀ ਤੇ ਕਿਸੇ ਮਕਸਦ ਲਈ ਰੱਖਿਆ ਗਿਆ ਸੀ। ਉਹ ਮਕਸਦ ਖ਼ੁਦਾ ਦੀ ਸੇਵਾ ਅਤੇ ਉਸ ਦੀ ਵਡਿਆਈ ਕਰਨਾ ਹੈ। ਕਿੰਨਾ ਸਿਆਣਾ ਹੈ ਉਹ ਬੰਦਾ ਜਿਹੜਾ *ਆਪਣੀ ਜ਼ਿੰਦਗੀ ਨੂੰ ਖ਼ੁਦਾ ਵਾਸਤੇ ਵਰਤਣਾ* ਸਿੱਖ ਜਾਂਦਾ ਹੈ!

ਧਰਤੀ ਤੇ ਰਹਿਣ ਦੌਰਾਨ ਮੈ ਇਹ ਗੱਲ ਨਹੀਂ ਸਮਝੀ। ਇਹ ਨਹੀਂ ਹੈ ਕਿ ਮੈਂ ਬਹੁਤ ਬਦਕਾਰ ਕਿਸਮ ਦਾ ਬੰਦਾ ਹਾਂ। ਅਸਲ ਵਿਚ, ਜਿੱਥੋਂ ਤਕ ਮੈਨੂੰ ਪਤਾ ਹੈ, ਮੇਰੇ ਕਿਸੇ ਕੰਮ ਦੀ ਘਾਟ ਦੀ ਆਲੋਚਨਾ ਨਹੀਂ ਕੀਤੀ ਸੀ, ਬਲਕਿ ਮੇਰੀ ਗ਼ਲਤੀ ਉਹ ਹੈ, ਜੋ ਮੈ *ਨਹੀਂ ਕੀਤੀ*।

ਜੇ ਤੁਸੀਂ ਪੁੱਛਦੇ ਕਿ ਕੀ ਮੈਂ ਆਪਣੀ ਜ਼ਿੰਦਗੀ ਖ਼ੁਦਾ ਨੂੰ ਦੇ ਦਿੱਤੀ ਹੈ, ਤਾਂ ਮੈਂ ਹੈਰਾਨ ਹੋ ਕੇ ਵੇਖਦਾ ਅਤੇ ਆਖਦਾ, ‘‘ਜਨਾਬ, ਮੈਂ ਪੈਦਾਇਸ਼ੀ ਯਹੂਦੀ ਹਾਂ। ਮੈ ਬੜੀ ਨਿਹਚਾ ਨਾਲ ਹੈਕਲ ਦੀਆਂ ਸੇਵਾਵਾਂ ਵਿਚ ਭਾਗ ਲੈਂਦਾ ਹਾਂ। ਮੈਂ ਠਹਿਰਾਈ ਹੋਈ ਕੁਰਬਾਨੀ ਚੜ੍ਹਾਉਂਦਾ ਹਾਂ। ਮੈਂ ਸ਼ਰ੍ਹਾ ਦੇ ਮੁਤਾਬਿਕ ਦਸੌਂਧ ਦਿੰਦਾ ਹਾਂ ਅਤੇ ਤੁਸੀਂ ਮੈਥੋਂ ਪੁੱਛ ਰਹੇ ਹੋ ਕਿ ਕੀ ਮੈਂ ਆਪਣੀ ਜ਼ਿੰਦਗੀ ਖ਼ੁਦਾ ਲਈ ਦੇ ਰਿਹਾ ਹਾਂ!’’ ਕੋਈ ਸ਼ੱਕ ਨਹੀਂ ਕਿ ਮੈਂ ਸਮਰਪਿਤ ਨਹੀਂ ਸਾਂ। ਮੈਂ ਧਰਮ ਨੂੰ ਮੰਨਣ ਵਾਲਾ ਹੋਣ ਦੀ ਬਜਾਇ ਮਜ਼ਹਬ ਨੂੰ ਮੰਨਣ ਦੀ ਗ਼ਲਤੀ ਕੀਤੀ। ਬੰਦਗੀ ਵਿਚ ਜਾਣਾ, ਕੁਰਬਾਨੀ ਦੇਣਾ, ਦਾਨ ਦੇਣਾ, ਇਹ ਸਭ ਗੱਲਾਂ ਚੰਗੀਆਂ ਹਨ; ਪਰ ਪ੍ਰਭੂ ਦੇ ਪ੍ਰਤੀ ਸਮਰਪਣ ਤੋਂ ਬਿਨਾ ਉਹ ਬੇਕਾਰ ਅਤੇ ਵਿਖਾਵਾ ਹਨ। ਖ਼ੁਦਾ ਚਾਹੁੰਦਾ ਹੈ ਕਿ ਸਾਡੀ ਜ਼ਿੰਦਗੀ ਉਸ ਉੱਤੇ ਟਿਕੀ ਹੋਵੇ।

---

*ਲੇਖਕ ਦੀ ਟਿੱਪਣੀ: ਜੇ ਤੁਸੀਂ ਇਸ ਦੀ ਅਨੋਖੇ ਢੰਗ ਦੀ ਵਰਤੋਂ ਕਰਦੇ ਹੋ, ਤਾਂ ਆਰੰਭ ਕਰਨ ਤੋਂ ਪਹਿਲਾਂ ਸਮਝਾ ਦਿਓ ਕਿ ਇਹ ਉਪਦੇਸ਼ ਲੂਕਾ 16: 19–31 ਤੇ ਅਧਾਰਿਤ ਹੈ ਅਤੇ ਇਨ੍ਹਾਂ ਆਇਤਾਂ ਵਿਚ ਅਮੀਰ ਆਦਮੀ ਰਾਹੀਂ ਕੀਤੇ ਗਏ ਵੇਰਵੇ ਦੇ ਰੂਪ ਵਿਚ ਦਿੱਤੀ ਜਾ ਰਹੀ ਹੈ।*

ਖ਼ੁਦਾ ਨੂੰ ਆਪਣੇ ਮਨ ਵਿਚ ਉਸ ਵਕਤ ਮੈਂ ਐੱਨੀ ਘੱਟ ਥਾਂ ਦਿੰਦਾ ਸਾਂ ਕਿ ਹੁਣ ਮੈਂ ਉਸ ਦੀ ਇਕ ਛੋਟੀ ਜਿਹੀ ਝਲਕ ਨੂੰ ਤਰਸਦਾ ਹਾਂ!

## "ਚੀਜ਼ਾਂ ਨਾਲ ਭਰਮਾਏ ਨਾ ਜਾਵੋ"

ਮੇਰੀ ਇਕ ਮੁਸ਼ਕਿਲ ਇਹ ਵੀ ਹੈ ਕਿ ਮੈਂ ਦੁਨਿਆਵੀ ਚੀਜ਼ਾਂ ਨਾਲ ਭਰਮਾਇਆ ਗਿਆ ਸਾਂ। ਧਰਤੀ ਤੋਂ ਲੋਕਾਂ ਦਾ ਅੱਜ ਪਤਾਲ ਵਿਚ ਆਉਣਾ ਇਸੇ ਗੱਲ ਦੀ ਵੱਲ ਸੰਕੇਤ ਕਰਦਾ ਹੈ ਕਿ ਅੱਜ ਵੀ ਲੋਕ ਦੁਨਿਆਵੀ ਚੀਜ਼ਾਂ ਨਾਲ ਭਰਮਾਏ ਗਏ ਹਨ।

ਦੁਨਿਆਵੀ ਚੀਜ਼ਾਂ ਨੇ ਮੈਨੂੰ ਦੋ ਤਰ੍ਹਾਂ ਨਾਲ ਧੋਖਾ ਦਿੱਤਾ। ਪਹਿਲਾ ਤਾਂ ਮੇਰੀ ਜ਼ਿੰਦਗੀ ਵਿਚ ਉਨ੍ਹਾਂ ਦੀ ਬੜੀ ਅਹਿਮੀਅਤ ਸੀ। ਮੈਂ ਉਸ ਹਾਲਤ ਦਾ ਵਿਸ਼ਲੇਸ਼ਨ ਇਸ ਤਰ੍ਹਾਂ ਕਰਦਾ ਹਾਂ (ਕਿਉਂਕਿ ਮੇਰੇ ਕੋਲ ਇਸ ਤੇ ਵਿਚਾਰ ਕਰਨ ਲਈ ਬਹੁਤ ਸਮਾਂ ਹੈ): ਤੁਹਾਨੂੰ ਚੀਜ਼ਾਂ ਤਾਂ ਵਿਖਾਈ ਦੇ *ਸਕਦੀਆਂ* ਹਨ ਪਰ ਆਤਮਾ ਜਾਂ ਖ਼ੁਦਾ ਜਾਂ ਰੂਹਾਨੀ ਸੱਚਾਈ ਨਜ਼ਰ ਨਹੀਂ ਆਉਂਦੇ। ਚੀਜ਼ਾਂ ਦੀ ਮੰਗ ਤੁਹਾਡੀ ਵਧਦੀ ਜਾਦੀ ਹੈ, ਜਦ ਕਿ ਆਤਮਾ ਪਿੱਛੇ ਰਹਿ ਜਾਂਦੀ ਹੈ, ਕਿ ਤੁਹਾਡਾ ਧਿਆਨ ਉਹਦੇ ਵੱਲ ਪਵੇ। ਚੀਜ਼ਾਂ ਤੁਹਾਨੂੰ ਤੁਹਾਡੀਆਂ ਪੰਜ ਇੰਦਰੀਆਂ ਨਾਲ ਖਿੱਚਦੀਆਂ ਹਨ, ਜਦਕਿ ਆਤਮਾ ਦੀ ਖਿੱਚ ਖਾਮੋਸ਼ ਹੈ। ਉਸ ਦੇ ਮੁਕਾਬਲੇ ਜੋ ਸੱਚਮੁੱਚ ਅਹਿਮ ਹੈ, ਇਹ ਦੁਨਿਆਵੀ ਚੀਜ਼ਾਂ ਜੋ ਕਿ ਜਿਸਮਾਨੀ ਅਤੇ ਥੋੜ੍ਹੇ ਸਮੇਂ ਦੀਆਂ ਹਨ, ਦਾ ਅਹਿਮ ਲੱਗਣਾ ਕਿੰਨਾ ਅਸਾਨ ਹੈ! ਆਦਮੀ ਛੋਟੀਆਂ ਛੋਟੀਆਂ ਗੱਲਾਂ ਵਿਚ ਛੇਤੀ ਹੀ ਨੱਪਿਆ ਜਾਂਦਾ ਹੈ ਅਤੇ ਖ਼ੁਦਾ ਨੂੰ ਭੁਲਾ ਦਿੱਤਾ ਜਾਂਦਾ ਹੈ।

ਇਸ ਦੇ ਇਲਾਵਾ, ਚੀਜ਼ਾਂ ਨੇ ਮੈਨੂੰ ਐਨਾ ਭੁਲੇਖੇ ਵਿਚ ਪਾਇਆ ਕਿ ਮੈ ਉਨ੍ਹਾਂ ਦੀ ਬਹੁਤਾਇਤ ਨੂੰ ਖ਼ੁਦਾ ਦੀ ਬਕਰਤ ਮੰਨ ਬੈਠਾ। ਆਪਣੇ ਆਲੇ ਦੁਆਲੇ ਦੌਲਤ ਅਤੇ ਸਨਮਾਨ ਨਾਲ ਘਿਰੇ ਲੋਕਾਂ ਦੇ ਹੋਣ ਤੇ, ਮੈਨੂੰ ਇਹ ਖ਼ਿਆਲ ਹੀ ਨਹੀਂ ਆਇਆ ਕਿ ਮੇਰੀ ਜ਼ਿੰਦਗੀ ਪ੍ਰਭੂ ਨੂੰ ਭਾ ਨਹੀਂ ਰਹੀ ਹੋਵੇਗੀ। ਇਹ ਜਾਣਕੇ ਮੈਂ ਕਿੰਨਾ ਹੈਰਾਨ ਰਹਿ ਗਿਆ ਸਾਂ, ਜਿਵੇਂ ਲਿਖਤ ਦੱਸਦੀ ਹੈ ਕਿ ਖ਼ੁਦਾ ਸ਼ਕਲ ਨੂੰ ਨਹੀਂ ਬਲਕਿ ਮਨ ਨੂੰ ਵੇਖਦਾ ਹੈ।[1] ਚੀਜ਼ਾਂ ਕਿੰਨੀਆਂ ਭਰਮਾਉਣ ਵਾਲੀਆਂ ਹੋ ਸਕਦੀਆਂ ਹਨ!

ਮੈਨੂੰ ਗ਼ਲਤ ਨਾ ਸਮਝੋ। ਇਕ ਸਮੇਂ ਸੀ ਜਦੋਂ ਮੈਂ ਬੈਂਗਨੀ ਅਤੇ ਮਖ਼ਮਲੀ, ਅਰਥਾਤ ਰਾਜਾਵਾਂ ਅਤੇ ਆਮ ਮਨੁੱਖਾਂ ਵਾਲੇ ਕੱਪੜੇ ਪਾ ਕੇ ਆਨੰਦ ਲੈਂਦਾ ਸੀ। ਮੈਂ ਵੱਡੀਆਂ ਵੱਡੀਆਂ ਦਾਅਵਤਾਂ ਖਾਧੀਆਂ। ਮੈਨੂੰ ਲੋਕਾਂ ਦੀ ਵਡਿਆਈ ਅਤੇ ਆਪਣੇ ਦੋਸਤਾਂ ਦੀ ਤਾਰੀਫ਼ ਚੰਗੀ ਲਗਦੀ ਸੀ। ਉਹ ਸਭ ਇਵੇਂ ਲਗਦਾ ਹੈ ਜਿਵੇਂ ਮੇਰੇ ਮੂੰਹ ਵਿਚ ਰੱਖਿਆ ਹੋਵੇ। ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣ ਲਓ ਕਿ *ਐਸ਼ੋ ਅਰਾਮ* ਦੀ ਜ਼ਿੰਦਗੀ ਫ਼ਜ਼ੂਲ ਹੈ। ਬੈਂਗਨੀ ਅਤੇ ਮਖਮਲੀ ਕੱਪੜੇ ਦੇ ਬਦਲੇ ਧਾਰਮਿਕਤਾ ਦੇ ਚਿੱਟੇ ਕੱਪੜੇ, ਧਰਤੀ ਦੀ ਸ਼ਾਨੋ ਸ਼ੌਕਤ ਦੇ ਬਦਲੇ ਖ਼ੁਦਾ ਨਾਲ ਆਨੰਦ ਭੋਗ, ਲੋਕਾਂ ਦੀ ਤਾਰੀਫ਼ ਦੇ ਬਦਲੇ ਖ਼ੁਦਾ ਦਾ ਕਾਰੋਬਾਰ ਸਚਮੁਚ ਬੜਾ ਹੀ ਸਸਤਾ ਸੌਦਾ ਹੈ।

ਚੀਜ਼ਾਂ ਦਾ ਹੋਣਾ ਆਪਣੇ ਆਪ ਵਿਚ ਬੁਰਾ ਨਹੀਂ। ਚੀਜ਼ਾਂ ਹੋਣ ਤੇ ਜ਼ੋਰ ਦੇਣਾ ਅਰਥਾਤ ਉਸ ਨੂੰ ਦਿੱਤੇ ਜਾਣ ਵਾਲੇ ਮਹੱਤਵ ਹੀ ਹਨ, ਜੋ ਮਨੁੱਖ ਦੀ ਜਾਨ ਦੇ ਨਾਸ ਦਾ ਕਾਰਣ ਬਣਦਾ ਹੈ। ਜਦ ਚੀਜ਼ਾਂ ਤੁਹਾਡੇ ਉੱਤੇ ਕਬਜ਼ਾ ਕਰ ਲੈਂਦੀਆਂ ਹਨ, ਤਾਂ ਸਮਝੋ ਤੁਸੀਂ ਤਬਾਹ ਹੋ ਗਏ।

ਹਾਂ ਇਸ ਗੱਲ ਨੂੰ ਹੋਰ ਵੀ ਮਜ਼ਬੂਤੀ ਨਾਲ ਕਹਿਣ ਦੇ ਹੋਰ ਤਰੀਕੇ ਹਨ। ਉਨ੍ਹਾਂ ਲੋਕਾਂ ਲਈ ਜੋ ਆਪਣੇ ਕੰਮ ਵਿਚ ਲਗਨ ਨਾਲ ਲੱਗੇ ਹੋਏ ਹਨ, ਉਨ੍ਹਾਂ ਲਈ ਜੋ ਦੂਜਿਆਂ ਦੇ ਥਾਂ ਹਰ ਪਲ ਆਪਣੇ ਲਈ ਵਰਤਣਾ ਚਾਹੁੰਦੇ ਹਨ, ਉਨ੍ਹਾਂ ਲਈ ਜੋ ਰੂਹਾਨੀ ਨਾਲੋਂ ਜਿਸਮਾਨੀ ਗੱਲਾਂ ਤੇ ਚਿੱਤ ਲਾਈ ਬੈਠੇ ਹਨ, ਮੈਂ ਪੂਰੇ ਜ਼ੋਰ ਨਾਲ ਆਖਦਾ ਹਾਂ: *ਅਜਿਹੀ ਜ਼ਿੰਦਗੀ ਕਿਸੇ ਕੰਮ ਦੀ ਨਹੀਂ ਹੈ।*

## “ਮਿਲੇ ਮੌਕਿਆਂ ਦਾ ਫ਼ਾਇਦਾ ਲਓ”

ਮਨੁੱਖ ਲਈ ਜੋ ਜ਼ਰੂਰੀ ਹੈ ਉਹ ਇਹ ਹੈ ਕਿ *ਸੇਵਾ ਕਰਨ ਲਈ ਮੌਕਿਆਂ ਦੀ ਤਲਾਸ਼ ਕਰੇ, ਨਾ ਕਿ ਸੇਵਾ ਕਰਵਾਉਣ ਲਈ*। ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਹਰ ਮੌਕਾ ਮੇਰੇ ਇਸ ਗੱਲ ਦੀ ਅਜ਼ਮਾਇਸ਼ ਸੀ ਕਿ ਮੇਰੀ ਨਜ਼ਰ ਵਿਚ ਅਹਿਮ ਕੀ ਹੈ।

ਉਸ ਮੰਗਤੇ ਤੇ ਧਿਆਨ ਕਰੋ, ਜਿਸ ਦਾ ਨਾਮ ਲਾਜ਼ਰ ਸੀ। (ਉਹ ਇਕ ਅਜਿਹੀ ਉਦਾਹਰਣ ਹੈ ਜਿਸ ਨੂੰ ਕਦੇ ਨਹੀਂ ਭੁੱਲਾਂਗਾ।) ਜੇ ਮੈਂ ਇਸ ਗੱਲ ਤੇ ਵਿਚਾਰ ਕਰਨ ਲਈ ਥੋੜ੍ਹਾ ਜਿਹਾ ਧਿਆਨ ਦਿੰਦਾ ਹਾਂ, ਤਾਂ ਸ਼ਾਇਦ ਮੈਂ ਆਖਿਆ ਹੁੰਦਾ ਕਿ ਮੇਰੀ ਅਨਾਦੀ ਮੁਕਤੀ ਉਸ ਵਿਚਾਰੇ ਨਾਲ ਵਰਤਾਓ ਤੇ ਹੀ ਨਿਰਭਰ ਹੋਵੇਗੀ। ਮੈਂ ਕਿੰਨਾ ਗਲਤ ਸਾਂ! ।

ਲਗਦਾ ਹੈ ਕਿ ਮੈਂ ਉਸ ਦੀ ਮੌਜੂਦਗੀ ਤੋਂ ਵਾਕਫ਼ ਸਾਂ, ਪਰ ਹੋਰ ਸਭ ਗੱਲਾਂ ਵਾਂਗ ਮੈਨੂੰ ਵੱਡੀਆਂ ਗੱਲਾਂ ਛੋਟੀਆਂ ਲਗਦੀਆਂ ਸਨ ਅਤੇ ਛੋਟੀਆਂ ਗੱਲਾਂ ਵੱਡੀਆਂ। ਫ਼ਲਿਸਤੀਨ ਵਿਚ ਦਰਜਨਾਂ ਮੰਗਤੇ ਸਨ। ਉਸ ਦੇ ਜਿਸਮ ਤੇ ਐਨੇ ਜ਼ਖ਼ਮ ਸਨ; ਉਸ ਨੂੰ ਭੋਰਿਆਂ ਵਾਸਤੇ ਕਿਵੇਂ ਕੁੱਤਿਆਂ ਨਾਲ ਲੜਨਾ ਪੈਂਦਾ ਸੀ। ਮੇਰੇ ਕੋਲ ਇਸ ਇਕ ਹੋਰ ਅਪਾਹਜ ਦਾ ਕੀ ਕੰਮ ਸੀ? ਕੁਝ ਦੇਰ ਬਾਅਦ, ਇਹ ਲਾਜ਼ਰ ਮੇਰੇ ਦਰਵਾਜ਼ੇ ਦੀ ਚੌਖਟ ਤੇ ਆਉਂਦਾ ਅਤੇ ਮੇਰੇ ਧਿਆਨ ਵਿਚ ਵੀ ਨਹੀਂ ਹੁੰਦਾ ਸੀ। ਮੇਰੇ ਕੋਲ ਤਾਂ ਵਿਚਾਰ ਲਈ ‘‘ਅਹਿਮ’’ ਕੰਮ ਸਨ– ਮੈ ਕਿੰਨਾ ਬੇਵਕੂਫ਼ ਸਾਂ।

ਜੇ ਮੈਨੂੰ ਕੋਈ ਆਖਦਾ ਕਿ ਮੈਂ ਉਸ ਮੰਗਤੇ ਦੀ ਮਦਦ ਲਈ ਕੁਝ ਕਰਦਾ ਕਿਉਂ ਨਹੀਂ ਤਾਂ ਮੇਰੇ ਕੋਲ ਜਵਾਬ ਤਿਆਰ ਹੁੰਦਾ: ‘‘ਮੈਂ ਹੈਕਲ ਵਿਚ ਦਾਨ ਦਿੰਦਾ ਹਾਂ; ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸਦੀ ਦੇਖਭਾਲ ਕਰਨ’’; ‘‘ਮੈਂ ਜੇ ਇਕ ਮੰਗਤੇ ਦੀ ਦੇਖਭਾਲ ਕਰਦਾ ਹਾਂ, ਤਾਂ ਮੈਨੂੰ ਇਨ੍ਹਾਂ ਸਾਰਿਆਂ ਦੀ ਦੇਖਭਾਲ ਕਰਨੀ ਪਵੇਗੀ’’; ‘‘ਮੇਰੇ ਕੋਲ ਇਹੀ ਕੰਮ ਬਚਿਆ ਹੈ ਭਲਾ।’’; ‘‘ਮੈਨੂੰ ਹੋਰ ਕੋਈ ਕੰਮ ਨਹੀਂ ਹੈ ਨਾ।’’

ਮੈਂ ਦੋ ਗੱਲਾਂ ਨਹੀਂ ਸਮਝ ਸਕਿਆ: (1) ਉਸ ਗੰਦ ਅਤੇ ਸੜਨ ਦੇ ਹੇਠ ਇਕ ਇਨਸਾਨ ਸੀ ... ਇਕ ਇਨਸਾਨ ਜਿਸ ਵਿਚ ਆਤਮਾ ਸੀ ... ਮੇਰੇ ਵਰਗਾ ਇਕ ਇਨਸਾਨ। ਉਸ ਦੀ ਸੇਵਾ ਨਾ ਕਰਕੇ, ਮੈਂ ਆਪਣੇ ਆਪਣੇ ਇਨਸਾਨ ਹੋਣ ਤੋਂ ਮੁਨੱਕਰ ਹੋਇਆ (2) *ਮੇਰੇ* ਦਰ ਤੇ ਪਏ ਹੋਣ ਦਾ ਮਤਲਬ ਸੀ ਕਿ ਖ਼ਾਸ ਤੌਰ ਤੇ ਉਹ *ਮੇਰੀ* ਜ਼ਿੰਮੇਵਾਰੀ ਸੀ। ਉਹ *ਮੈਨੂੰ ਮਿਲਿਆ* ਮੌਕੇ ਅਤੇ *ਮੇਰਾ* ਇਮਤਿਹਾਨ ਸੀ, ਜਿਸ ਵਿਚ ਮੈਂ ਬਹੁਤ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ।

ਮੈਂ ਥੋੜ੍ਹਾ ਜਿਹਾ ਨਿੱਜੀ ਹੋਣਾ ਚਾਹੁੰਦਾ ਹਾਂ: ਤੁਹਾਡੇ ਯੁੱਗ ਬਾਰੇ ਮੈਂ ਜੋ ਸੁਣਿਆ ਹੈ (ਉਨ੍ਹਾਂ ਵਿੱਚੋਂ ਜੋ ਰੋਜ਼ ਇੱਥੇ ਆਉਂਦੇ ਹਨ) ਕਿ ਇਹ ਮੌਕੇ ਦਾ ਯੁੱਗ ਹੈ। ਜਦ ਕਿ ਆਪਣੇ ਸਮੇਂ ਦੇ ਮਾਪਦੰਡਾਂ ਤੋਂ ਮੈਂ ਇਕ ਅਮੀਰ ਸਾਂ; ਪਰ ਜੋ ਕੁਝ ਮੇਰੇ ਕੋਲ ਸੀ, ਉਸ ਦਾ ਮੁਕਾਬਲਾ ਹੁਣ ਤੁਹਾਨੂੰ ਮਿਲਣ ਵਾਲੀਆਂ ਬਰਕਤਾਂ ਨਾਲ ਨਹੀਂ ਕੀਤਾ ਜਾ ਸਕਦਾ। ਮੈਂ ਦੂਜਿਆਂ ਦੀ ਮਦਦ ਕਰਨ ਦੇ, ਅਰਥਾਤ ਖ਼ੁਦਾ ਦੇ ਵਚਨ ਨੂੰ ਸਿਖਾਉਣ ਦੇ ਵੱਡੇ ਮੌਕਿਆਂ ਅਤੇ *ਸੈਂਕੜੇ* ਢੰਗਾਂ ਨਾਲ ਪ੍ਰਭੂ ਦੀ ਸੇਵਾ ਲਈ ਤੁਹਾਨੂੰ ਮਿਲੇ ਜ਼ਬਰਦਸਤ ਮੌਕਿਆਂ ਦੇ ਵਧਣ ਬਾਰੇ ਵੀ ਸੁਣਿਆ ਹੈ। ਉਹਦੀ ਜਿਸ ਨੂੰ ਇਹ ਪਤਾ ਹੈ, ਤੁਸੀਂ ਸਲਾਹ ਲੈ ਲਓ ਕਿ ਆਪਣੀਆਂ ਬਰਕਤਾਂ ਨੂੰ *ਹਲਕੇ* ਢੰਗ ਨਾਲ ਨਾ ਲਓ। ਜੋ ਬਰਕਤਾਂ ਤੁਹਾਨੂੰ ਮਿਲੀਆਂ ਹਨ, ਉਨ੍ਹਾਂ ਦੀ ਖ਼ੁਦਾ ਲਈ ਵਰਤੋਂ ਕਰੋ। ਆਪਣੀਆਂ ਬਰਕਤਾਂ ਨੂੰ ਭਲਿਆਈ ਕਰਨ ਦੇ ਮੌਕਿਆਂ ਲਈ ਵਰਤੋ।

ਮੈਨੂੰ ਇਹ ਮੁਸ਼ਕਿਲ ਤਰੀਕਾ ਸਿੱਖਣਾ ਪਿਆ ਸੀ ਕਿ ਨਾਸ ਹੋਣ ਲਈ ਲੁੱਟ ਖੋਹ ਕਰਨੀ, ਕਤਲ ਕਰਨਾ ਜਾਂ ਲੁੱਚੇ ਹੋਣਾ ਜ਼ਰੂਰੀ ਨਹੀਂ ਹੈ। *ਜ਼ਰੂਰੀ ਇਹੀ ਹੈ ਕਿ ਭਲਿਆਈ ਕਰਦਿਆਂ ਜ਼ਿੰਦਗੀ ਨਾ ਪਾ ਸਕਣਾ ਹੈ*।[2]

## “ ‘ਨਰਕ’ ਇਕ ਭਿਆਨਕ ਥਾਂ ਹੈ”

ਇਸ ਨਾਲ ਮੇਰੇ ਮਨ ਵਿਚ ਇਕ ਹੋਰ ਵਿਚਾਰ ਆਇਆ ਹੈ, ਅਗਲੀ ਗੱਲ ਜੋ ਮੈਂ ਸਿੱਖੀ ਅਤੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਆਪਣੀ ਜ਼ਿੰਦਗੀ ਦੀ ਵਰਤੋਂ ਖ਼ੁਦਾ ਲਈ ਕਰੋ, *ਕਿਉਂਕਿ ‘‘ਨਰਕ’’ ਇਕ ਭਿਆਨਕ ਥਾਂ ਹੈ*!

ਮੈਂ ‘‘ਨਰਕ’’ ਸ਼ਬਦ ਨੂੰ ਕੌਮਿਆਂ ਵਿਚ ਇਸ ਲਈ ਰੱਖਿਆ ਹੈ ਕਿਉਂਕਿ ਮੈਂ ਅਜੇ ਨਾਸ ਹੋਣ ਵਾਲਿਆਂ ਦੇ ਅਨਾਦੀ ਥਾਂ ਵਿਚ ਜਿਸ ਨੂੰ ਯੂਨਾਨੀ ਭਾਸ਼ਾ ਵਿਚ *ਗੇਹੰਨਾ* ਆਖਿਆ ਜਾਂਦਾ ਹੈ, ਨਹੀਂ ਗਿਆ ਹਾਂ। ਅਜੇ ਮੈਂ ਮੁਰਦਿਆਂ ਦੇ ਵਿਚਕਾਰ ਦੀ ਥਾਂ ਅਰਥਾਤ ਪਤਾਲ ਵਿਚ ਹਾਂ, ਜਿੱਥੇ ਸਭ ਮੁਰਦੇ ਹਨ। ਤੁਹਾਡੇ ਸੰਸਾਰ ਤੋਂ ਆਏ ਮੇਰੇ ਕੁਝ ਸਾਥੀ ਦੱਸਦੇ ਹਨ ਕਿ ਤੁਹਾਡੇ ਇੱਥੇ ਮੌਜੂਦ ਬਾਈਬਲ ਦੇ ਅਨੁਵਾਦਾਂ ਵਿਚ[3] ਯੂਨਾਨੀ ਸ਼ਬਦਾਂ ਦੇ ਤਿੰਨ ਵੱਖ ਵੱਖ ਅਨੁਵਾਦ ਕੀਤੇ ਜਾਂਦੇ ਹਨ, ਜਿਸ ਨਾਲ ‘‘ਨਰਕ’’ ਦੇ ਤਿੰਨ ਵੱਖ ਵੱਖ ਅਰਥ ਲੱਗਦੇ ਹਨ।[4] ਇਹ ਬੇਹੱਦ ਉਲਝਣ ਭਰਿਆ ਹੋਵੇਗਾ। ਮੇਰੀ ਕਹਾਣੀ ‘‘ਨਰਕ’’ (ਤੁਹਾਡੀ ਬਾਈਬਲ ਵਿਚਲਾ ਲੂਕਾ 16 ਅਧਿਆਇ ਵਾਲਾ) ਵਿਚ ‘‘ਹੇਡਿਸ’’ ਸ਼ਬਦ ਹੋਣਾ ਚਾਹੀਦਾ ਹੈ।[5] ਇਸ ਕਹਾਣੀ ਸ਼ਬਦ ਦਾ ਮਤਲਬ ‘‘ਅਣਡਿੱਠਾ *[ਸੰਸਾਰ]*’’ ਹੈ। ਇਹ ‘‘ਹੇਡਿਸ’’ ਅਜਿਹੀ ਥਾਂ ਨਹੀਂ ਲੱਗਦਾ, ਜਿਸ ਵਿਚ ਹੋਣ ਦੀ ਹਾਲਤ ਲਗਦੀ ਹੋਵੇ। ਯਕੀਨਨ ਹੀ, ਇਸ ਧਾਰਨਾ ਨੂੰ ਤੁਸੀਂ ਕਿਸੇ ਵੀ ਤਰ੍ਹਾਂ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦੇ, ਤਾਂ ਸਿਰਫ਼ ਇਸ ਗੱਲ ਨੂੰ ਮੰਨ ਲਓ ਕਿ ਇਕ ਦਿਨ, ਜਦੋਂ ਤਕ ਮਸੀਹ ਤੁਹਾਡੇ ਮਰਨ ਤੋਂ ਪਹਿਲਾਂ ਨਹੀਂ ਆ ਜਾਂਦਾ, ਤਦ ਤਕ ਤੁਸੀਂ ਉੱਥੇ ਰਹੋਗੇ ਅਤੇ ਫਿਰ ਤੁਹਾਨੂੰ ਪਤਾ ਚੱਲੇਗਾ ਕਿ ਇਹ ਥਾਂ ਕਿਹੋ ਜਿਹੀ ਹੈ।

ਹੇਡਿਸ ਭਲੇ ਬੁਰੇ ਸਭ ਮੁਰਦਿਆਂ ਦੀ ਆਤਮਾ ਦੀ ਥਾਂ ਹੈ। ਇਹ ਉਹ ਥਾਂ ਹੈ, ਜਿੱਥੇ ਅਸੀਂ ਆਖਰੀ ਨਿਆਂ ਦਾ ਉਡੀਕ ਕਰ ਰਹੇ ਹਾਂ। ਇਸ ਵਿਚ ਇਕ ‘‘ਭਾਗ’’ (ਜੋ ਢੁਕਵਾਂ ਸ਼ਬਦ ਨਹੀਂ ਹੈ, ਪਰ ਗੱਲ ਨੂੰ ਸਮਝਣ ਲਈ ਮੇਰੇ ਧਿਆਨ ਵਿਚ ਸ਼ਬਦ ਆਉਂਦਾ ਹੈ) ਜਿੱਥੇ ਭਲੇ ਲੋਕ ਹਨ ਅਤੇ ਇਕ ਹੋਰ ‘‘ਭਾਗ’’ ਹੈ, ਜਿੱਥੇ ਦੁਸ਼ਟ ਲੋਕ ਪਾਏ ਜਾਂਦੇ ਹਨ। ਇਸ ਲਈ ਜਾਣ ਸਕਦੇ ਹੋ ਕਿ ਮੈਂ ਨਰਕ ਵਿਚ ਨਹੀਂ ਸਗੋਂ ਆਖ਼ਰੀ ਸਜ਼ਾ ਦੀ ਉਡੀਕ ਵਿਚ ਹੇਡਿਸ ਵਿਚ ਹਾਂ।

ਇਹ ਆਖਣ ਦੇ ਬਾਅਦ ਮੈਂ ਤੁਹਾਨੂੰ ਇਹ ਆਖਦਾ ਹਾਂ ਕਿ ਅਸਲ ਵਿਹਾਰ ਵਿਚ, ਮੁਰਦਿਆਂ ਦੇ ਵਿਚਕਾਰ ਦੀ ਥਾਂ ਅਤੇ ਮੁਰਦਿਆਂ ਦੀ ਆਖ਼ਰੀ ਥਾਂ ਵਿਚ ਬਹੁਤਾ ਫ਼ਰਕ ਨਹੀਂ ਹੈ। ਜੋ ਖ਼ੁਦਾ ਨਾਲ ਵਫ਼ਾਦਾਰ ਸਨ, ਉਹ ਇੱਥੇ ਬੇਹੱਦ ਖੁਸ਼ ਹਨ ਅਤੇ ਸਾਡੇ ਵਿੱਚੋਂ ਜੋ ਲੋਕ ਪ੍ਰਭੂ ਦੇ ਵਫ਼ਾਦਾਰ ਨਹੀਂ ਸਨ, ਬੁਰੀ ਤਰ੍ਹਾਂ ਨਾਲ ਦੁਖੀ ਹਨ।

ਮੇਰੇ ਕੋਲ ਉਸ ਪਤਾਲ ਦੇ ਸੰਸਾਰ ਦਾ, ਜਿਸ ਵਿਚ ਮੈਂ ਹਾਂ, ਖੌਫ਼ਨਾਕ ਦ੍ਰਿਸ਼ ਵਿਖਾਉਣ ਦਾ ਕੋਈ ਤਰੀਕਾ ਨਹੀਂ ਹੈ। ਇਹ ਮਨੁੱਖੀ ਸਮਝ ਤੋਂ ਬਹੁਤ ਪਰ੍ਹੇ ਹੈ। ਇਸ ਥਾਂ ਵਿਚ ਗੁਜ਼ਾਰੇ ਗਏ ਪਲ ਹੀ ਇਹ ਯਕੀਨ ਦੁਆਉਣ ਲਈ ਬਹੁਤ ਹਨ ਕਿ ਉਸ ਨੂੰ ਫ਼ੌਰਨ ਖ਼ੁਦਾ ਕੋਲ ਜਾਣਾ ਚਾਹੀਦਾ ਹੈ। ਆਪਣੇ ਆਪ ਨੂੰ ਜ਼ਾਹਿਰ ਕਰਦਿਆਂ ਮੇਰੀਆਂ ਕੋਸ਼ਿਸ਼ਾਂ ਬੇਕਾਰ ਹੀ ਹੋਣਗੀਆਂ, ਪਰ ਸ਼ਾਇਦ ਤੁਹਾਨੂੰ ਸਮਝਣ ਲਈ ਕਿ ਤੁਸੀਂ ਇੱਥੇ ਨਾ ਆਏ ਕੁਝ ਗੱਲਾਂ ਮਦਦਗਾਰ ਹੋ ਸਕਦੀਆਂ ਹਨ।

### ਦੁੱਖ ਦੀ ਥਾਂ

ਪਹਿਲਾਂ ਤਾਂ, ਪਤਾਲ ਦਾ ਸਾਡੇ ਵੱਲ ਦਾ ਭਾਗ ਦੁੱਖ ਦੀ ਥਾਂ ਹੈ। ਇਸ ਤਕਲੀਫ਼ ਨੂੰ ਵਿਖਾਉਣ ਵਾਲਾ ਕੋਈ ਵੀ ਸ਼ਬਦ ਕਿਸੇ ਵੀ ਭਾਸ਼ਾ ਵਿਚ ਨਹੀਂ ਹੈ। ਸੁਣਿਆ ਹੈ ਕਿ ਤੁਹਾਡੀ ਪਵਿੱਤਰ ਲਿਖਤ ਵਿਚ ਇਸ ਵਿਚਾਰ ਨੂੰ ਸਮਝਾਉਣ ਲਈ ਅੱਗ ਦੇ ਰੂਪਕ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਰੂਪਕ ਚੰਗਾ ਹੈ। ਜੇ ਤੁਸੀਂ ਕਿਸੇ ਅੱਗ ਤੋਂ ਬਚੇ ਹੋ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਇਹ ਕਿੰਨਾ ਦਰਦਨਾਕ ਹੋ ਸਕਦਾ ਹੈ। ਉਸ ਦੁੱਖ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰੋ। ਫਿਰ ਆਪਣੇ ਸਰੀਰ ਦੇ ਇਕ ਇਕ ਅੰਗ

ਦੇ ਅੱਗ ਵਿਚ ਸੜਨ ਦੀ ਕਲਪਨਾ ਕਰੋ। ਆਖਰ ਵਿਚ *ਫ਼ਰਕ ਨਾਲ* ਅਰਥਾਤ ਅੱਗ ਦੇ ਹਮੇਸ਼ਾ ਲਈ ਆਪਣੀ ਆਤਮਾ ਦੇ ਸੜਨ, ਹਮੇਸ਼ਾ ਤਕ ਸੜਨ ਅਤੇ ਫਿਰ ਖ਼ਤਮ ਨਾ ਹੋਣ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ।

ਇਹ ਵਿਚਾਰ ਹੀ ਮੈਨੂੰ ਪਾਗਲਾਂ ਵਾਂਗੂ ਬਣਾ ਦਿੰਦਾ ਹੈ। ਹਾਂ, ਥੋੜ੍ਹੀ ਜਿਹੀ ਰਾਹਤ ਲਈ। ਜੀਭ ਤੇ ਪਾਣੀ ਦੀ ਛੋਟੀ ਜਿਹੀ ਬੂੰਦ ਵੀ ਕੋਈ ਰਾਹਤ ਇਸ ਦਰਦ, ਇਸ ਦੁੱਖ ਨੂੰ ਅਨਾਦੀਕਾਲ ਲਈ ਸਹਿਣ ਵਿਚ ਮੈਂ ਕਿਵੇਂ ਸਹਿ ਸਕਦਾ ਹਾਂ?

ਮੈਨੂੰ ਆਪਣੇ ਆਪ ਨੂੰ ਖਿੱਚਕੇ ਇਸ ਚਿੱਠੀ ਨੂੰ ਬੰਦ ਕਰਨਾ ਹੋਵੇਗਾ। ਤੁਸੀਂ ਕਦੇ ਸਮਝ ਨਹੀਂ ਪਾਓਗੇ ਕਿ ਮੇਰੇ ਲਈ ਇਨ੍ਹਾਂ ਹਾਲਾਤ ਵਿਚ ਮੇਰੇ ਵਿਚਾਰਾਂ ਨੂੰ ਢੁਕਵੇਂ ਕਰਨਾ ਕਿੰਨਾ ਮੁਸ਼ਕਿਲ ਹੈ। ਇਹ ਕੋਸ਼ਿਸ਼ ਲਗਭਗ ਮੇਰੀ ਸ਼ਕਤੀ ਤੋਂ ਬਾਹਰ ਹੈ, ਪਰ ਜੇ ਮੈਂ ਇਕ ਆਤਮਾ ਨੂੰ ਇੱਥੇ ਆਉਣ ਤੋਂ ਰੋਕ ਸਕਾਂ, ਤਾਂ ਮੇਰੀ ਕੋਸ਼ਿਸ਼ ਬੇਕਾਰ ਨਹੀਂ ਹੋਵੇਗੀ।

**ਯਾਦ ਦੀ ਥਾਂ**

ਇਸ ਸੱਚਾਈ ਤੋਂ ਕਿ ਇਹ ਦੁੱਖ ਦੀ ਥਾਂ ਹੈ ਹੋਰ ਵੀ ਵੱਡੀ ਸੱਚਾਈ ਹੈ ਕਿ ਇਸ ਵਿਚ ਯਾਦ ਰਹਿੰਦਾ ਹੈ। ਮੇਰੇ ਸਮੇਂ ਵਿਚ, ਸਦੂਕੀ ਲੋਕ ਬਹਿਸ ਕਰਦੇ ਸਨ ਕਿ ਮਨੁੱਖ ਵਿਚ ਆਤਮਾ ਨਹੀਂ ਹੁੰਦੀ ਅਤੇ ਇਸ ਦੀ ਮੌਤ ਦੇ ਵਕਤ ਆਦਮੀ ਅਚੇਤ ਰਹਿੰਦਾ ਹੈ। ਕਾਸ਼ ਇਵੇਂ ਹੀ ਹੋ ਜਾਂਦਾ। ਸੱਚਾਈ ਇਹ ਹੈ ਕਿ ਮੌਤ ਦੇ ਬਾਅਦ ਆਦਮੀ ਪੂਰੀ ਤਰ੍ਹਾਂ ਨਾਲ ਹੋਸ਼ ਵਿਚ ਹੁੰਦਾ ਹੈ ਅਤੇ ਪਿਛਲੀਆਂ ਗੱਲਾਂ ਯਾਦ ਕਰ ਸਕਦਾ ਹੈ ਕਿ ਉਹ ਕਿੱਥੇ ਹੈ, ਉਸ ਨਾਲ ਪਹਿਲਾਂ ਕਦੇ ਕੀ ਹੋਇਆ ਸੀ ਅਤੇ ਅਨਾਦੀਕਾਲ ਵਿਚ ਕੀ ਹੋਵੇਗਾ।

ਜਦੋਂ ਆਤਮਾ ਨੂੰ ਸਰੀਰਕ ਦੇਹ ਤੋਂ ਛੁਟਕਾਰਾ ਮਿਲ ਜਾਂਦਾ ਹੈ ਤਾਂ ਇਸ ਵਿਚ ਸਮਝਣ ਦੀ ਵੱਧ ਯੋਗਤਾ ਆ ਜਾਂਦੀ ਹੈ। ਮੈਂ ਨਹੀਂ ਜਾਣਦਾ ਕਿ ਕਿਉਂ, ਹੋ ਸਕਦਾ ਹੈ ਕਿ ਸਰੀਰ ਤੋਂ ਅਜ਼ਾਦ ਮਨ ਖ਼ੁਦਾ ਦੇ ਵਿਆਪਕ ਅਤੇ ਸਰਵਵਿਆਪਕ ਮਨ ਨਾਲ ਮੇਲ ਕਰਨ ਦੇ ਯੋਗ ਹੋਵੇ, ਜੋ ਕਿ ਇਕ ਸ਼ਾਨਦਾਰ ਹਾਲਤ ਹੈ, ਜੇ ਤੁਸੀਂ ਬਚਾਏ ਹੋਏ ਦੇ ਥਾਂ ਵਿਚ ਹੋ ਪਰ ਜੇ ਤੁਸੀਂ ਨਾਸ ਹੋਣ ਵਾਲਿਆਂ ਦੇ ਥਾਂ ਵਿਚ ਹੋ ਤਾਂ ਇਹ ਇਕ ਭਿਆਨਕ ਹਾਲਤ ਹੈ! ਜੋ ਵੀ ਹੋਵੇਗੇ, ਮੈਨੂੰ ਹੁਣ ਉਹ ਗੱਲਾਂ ਪਤਾ ਲਗ ਸਕਦੀਆਂ ਹਨ, ਜੋ ਪਹਿਲਾਂ ਬਿਲਕੁਲ ਪਤਾ ਨਹੀਂ ਸੀ। ਉਦਾਹਰਣ ਲਈ ਮੈਂ ਅਬਰਾਹਾਮ ਨੂੰ ਪਛਾਣ ਲਿਆ (ਜੋ ਧਰਮੀਆਂ ਵਾਲੇ ਪਾਸੇ ਪਤਾਲ ਦੇ ''ਦੂਜੇ ਪਾਸੇ'' ਸੀ), ਜਿਸ ਨੂੰ ਮੈਂ ਪਹਿਲਾਂ ਕਦੇ ਵੇਖਿਆ ਨਹੀਂ ਸੀ।

ਮੈਨੂੰ ਆਪਣੀਆਂ ਪਿਛਲੀਆਂ ਗੱਲਾਂ ਵੀ ਯਾਦ ਹਨ, ਯਾਦਾਂ ਜੋ ਲਗਭਗ 2000 ਸਾਲ ਬਾਅਦ ਵੀ ਮੈਨੂੰ ਭੁੱਲੀਆਂ ਨਹੀਂ ਹਨ, ਯਾਦਾਂ ਜੋ ਮੈਨੂੰ ਬੇਰਹਿਮੀ ਨਾਲ ਸਤਾਉਂਦੀਆਂ ਹਨ। ਮੈ ਅਬਰਾਹਾਮ ਦੇ ਸ਼ਬਦ ਕਦੇ ਨਹੀਂ ਭੁੱਲਾਂਗਾ, ਜਦੋਂ ਉਸ ਨੇ ਆਖਿਆ, ''ਹੇ ਪੁੱਤਰ, ਯਾਦ ਕਰੋ ...।'' ਜਿਵੇਂ ਕਿ ਮੈਂ ਉਨ੍ਹਾਂ ਗੁਆਚੇ ਹੋਏ ਮੌਕਿਆਂ ਨੂੰ ਭੁੱਲ ਸਕਦਾ ਹਾਂ, ਜਿਵੇਂ ਕਿ ਮੈਂ ਇਹ ਭੁੱਲ ਸਕਦਾ ਹਾਂ ਕਿ ਮੈਂ ਕਿਵੇਂ ਆਪਣ ਜ਼ਿੰਦਗੀ ਵਿਅਰਥ ਗੁਆਇਆ; ਜਿਵੇਂ ਕਿ ਮੈਂ ਭੁੱਲ ਸਕਦਾ ਹਾਂ ਕਿ ਮੇਰੇ ਲਈ ਛੁਟਕਾਰਾ ਪਾਏ ਹੋਏ ਲੋਕਾਂ ਵਿਚ ਮੈਨੂੰ ਜਾਣਾ ਕਿੰਨਾ ਸੌਖਾ ਸੀ।

ਹਾਲ ਹੀ ਵਿਚ ਇਕ ਅਗੰਤੁਕ ਨੇ ਮੈਨੂੰ ਉਨ੍ਹਾਂ ਵਿਸ਼ਾਲ ਪੋਤਾਂ ਦੇ ਬਾਰੇ ਦੱਸਿਆ ਹੈ, ਜੋ ਆਪਣੇ ਅਕਾਸ਼ ਵਿਚ ਛੱਡੇ ਹਨ, ਜਿੰਨ੍ਹਾਂ ਨੂੰ ਰਾਕੇਟ ਆਖਦੇ ਹਨ। ਉਹ ਮੈਨੂੰ ਦੱਸਦਾ ਹੈ ਕਿ ਅਕਾਸ਼ ਵਿਚ ਛੱਡਣ ਦੇ ਸਮੇਂ ਸ਼ੁਰੂ ਵਿਚ ਥੋੜ੍ਹਾ ਜਿਹਾ ਖੁੰਝ ਜਾਣ ਨਾਲ ਉਹ ਰਾਕੇਟ ਆਪਣੇ ਨਿਸ਼ਾਨੇ ਤੋਂ ਲੱਖਾਂ ਮੀਲ ਦੂਰ ਚਲਿਆ ਜਾਂਦਾ ਹੈ। ਅਨਾਦੀਕਾਲ ਉਸ ਨਾਲ ਕਿੰਨਾ ਮਿਲਦਾ ਜੁਲਦਾ ਹੈ। ਛੋਟੀਆਂ ਛੋਟੀਆਂ ਗੱਲਾਂ, ਛੋਟੇ ਛੋਟੇ ਹਾਲਾਤ, ਸਹੀ ਜਾਂ ਗਲਤ ਮਦਦ ਰਹਿਤ ਲੱਗਣ ਵਾਲੇ ਫੈਸਲੇ, ਇਹੀ ਤਾਂ ਹਨ ਜਿਨ੍ਹਾਂ ਨਾਲ ਸਾਡਾ ਅਨਾਦੀ ਭਵਿੱਖ ਤੈਅ ਹੁੰਦਾ ਹੈ। ਜੇ ਤੁਸੀਂ ਇੱਥੇ ਆਉਂਦੇ ਹੋ, ਤਾਂ ਮੇਰੀ ਹੀ ਤਰ੍ਹਾਂ ਤੁਸੀਂ ਵੀ

ਮੇਰੀ ਅਨਾਦੀ ਕਾਲ ਲਈ ਉਨ੍ਹਾਂ ''ਛੋਟੇ ਛੋਟੇ ਫ਼ੈਸਲਿਆਂ ਨੂੰ ਯਾਦ ਕਰਕੇ ਆਪਣੇ ਆਪ ਨੂੰ ਆਖੋਗੇ: ''ਮੈਂ ਇਵੇਂ ਕਿਉਂ ਕੀਤਾ? ਮੈਂ ਉਵੇਂ ਕਿਉਂ ਨਹੀਂ ਕੀਤਾ?''

ਮੁਕਤੀ ਪਾਉਣ ਵਾਲੇ ਲਈ ਯਾਦ ਕਰਨਾ ਬਹੁਤ ਹੀ ਬਰਕਤ ਦੀ ਗੱਲ ਹੋਵੇਗੀ, ਪਰ ਨਾਸ਼ ਹੋਣ ਵਾਲਿਆਂ ਲਈ ਯਾਦ ਕਰਨਾ ਸਮਝ ਤੋਂ ਪਰੇ ਤੋਂ ਸਰਾਪ ਹੈ। ਹਾਸੋਹੀਣਾ ਇਹ ਹੈ ਕਿ ਜੇ ਤੁਸੀਂ ਇਸ ਸੰਦੇਸ਼ ਤੇ ਧਿਆਨ ਨਹੀਂ ਦਿੰਦੇ ਅਤੇ ਇਸੇ ਤਰ੍ਹਾਂ ਇੱਥੇ ਆ ਜਾਂਦੇ ਹੋ ਤਾਂ ਤੁਹਾਨੂੰ ਫਿਰ ਵੀ ਯਾਦ ਰਹੇਗਾ ਕਿ ਮੈਂ ਤੁਹਾਨੂੰ ਖ਼ਬਰਦਾਰ ਕੀਤਾ ਸੀ ਅਤੇ ਫਿਰ ਤੁਸੀਂ ਮੇਰੀ ਗੱਲ ਨਾ ਮੰਨਣ ਲਈ ਹਮੇਸ਼ਾ ਲਈ ਆਪਣੇ ਆਪ ਨੂੰ ਕੋਸੋਗੇ।

### ਇੱਕੋ ਤਰ੍ਹਾਂ ਦੇ ਹਾਲਾਤ

ਰਾਹਤ ਦੀ ਕੋਈ ਆਸ ਹੁੰਦੀ ਤਾਂ ਸਾਡੀ ਹਾਲਤ ਸਹਿਣਹੀਣ ਹੋ ਸਕਦੀ ਸੀ। ਜੇ ਸਾਨੂੰ ਪਤਾ ਹੁੰਦਾ ਕਿ ਇਕ ਹਜ਼ਾਰ ਸਾਲ ਇਕ ਲੱਖ ਸਾਲ ਜਾਂ ਇਕ ਕਰੋੜ ਸਾਲ ਦੇ ਬਾਅਦ ਇਹ ਸਭ ਖ਼ਤਮ ਹੋ ਜਾਵੇਗਾ, ਤਾਂ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਇਹ ਕਸ਼ਟ ਸਹਿ ਲੈਂਦੇ, ਪਰ ਇਵੇਂ ਨਹੀਂ ਹੈ। ਇੱਥੇ ਸ਼ੁਰੂ ਹੋਇਆ ਦੁੱਖ *ਸਹਿਣ* ਵਿਚ ਰਹਿੰਦਾ ਹੈ ਅਤੇ ਸਥਾਈ ਹੀ ਹੈ।

ਪਹਿਲੀ ਵਾਰ ਇੱਥੇ ਆਉਣ ਤੇ ਅਬਰਾਹਾਮ ਦੇ ਸ਼ਬਦ ਸੁਣਨੇ ਕਿੰਨੇ ਭਿਆਨਕ ਸਨ ''ਇਨ੍ਹਾਂ ਸਾਰੀਆਂ ਗੱਲਾਂ ਨੂੰ ਛੱਡ ਕੇ ਮੇਰੇ ਅਤੇ ਤੁਹਾਡੇ ਵਿਚ ਇਕ ਵੱਡੀ *ਖਾਈ* ਹੈ ਕਿ ਜੋ ਇੱਥੋਂ ਉਸ ਪਾਰ ਜਾਣਾ ਚਾਹੇ, ਉਹ ਨਾ ਜਾ ਸਕੇ; ਅਤੇ ਨਾ ਕੋਈ ਇੱਥੋਂ ਇਸ ਪਾਰ ਸਾਡੇ ਕੋਲ ਆ ਸਕੇ।''[6] ਇਕ ਭਾਰੀ ਖਾਈ ... ਇਕ ਵੱਡੀ ਖਾਈ ਜੋ ਖ਼ੁਦਾ ਦਾ ਤਰੀਕਾ ਠੁਕਰਾਉਂਣ ਦੇ ਸਮੇਂ ਅਸੀਂ ਖ਼ੁਦ ਪੁੱਟੀ ਸੀ[7] ... ਹਾਂ, ਇਕ ਵੱਡੀ ਖਾਈ ਅਨਾਦੀਕਾਲ ਲਈ ਠਹਿਰਾਈ ਹੋਈ ਹੈ!

ਮੇਰੇ ਦੋਸਤ, ਮੇਰੀ ਗੱਲ ਤੇ ਧਿਆਨ ਦਿਓ: ਉਨ੍ਹਾਂ ਲੋਕਾਂ ਦੀ ਗੱਲ ਤੇ ਨਿਹਚਾ ਨਾ ਕਰੋ, ਜੋ ਤੁਹਾਨੂੰ ਦਸਦੇ ਹਨ ਕਿ ਇਸ ਹਾਲਾਤ ਵਿਚੋਂ ਨਿਕਲਣ ਦਾ ਕੋਈ ਰਾਹ ਹੈ। ਉਨ੍ਹਾਂ ਲੋਕਾਂ ਦਾ ਭਰੋਸਾ ਨਾ ਕਰੋ;ਜੋ ਆਖਦੇ ਹਨ ਕਿ ਉਹ ਕੁਝ ਪੈਸੇ ਲੈ ਕੇ ਇਸ ਸਮੇਨੂੰ ਘੱਟ ਕਰ ਸਕਦੇ ਹਨ। ਇਹ ਦੁੱਖ ਕਦੇ ਖ਼ਤਮ ਨਹੀਂ ਹੋਵੇਗਾ। ਸਾਡੇ ਵਿੱਚੋਂ ਜੋ ਅੱਜ ਇਸ ਵਿਚ ਹਨ, ਉਹ ਕੱਲ ਵੀ ਇਸ ਦੁੱਖ ਵਿਚ ਰਹਿਣਗੇ ਅਤੇ ਹਜ਼ਾਰਾਂ, ਲੱਖਾਂ ਸਾਲਾਂ, ਕਰੋੜਾਂ ਸਾਲਾਂ ਦੇ ਬਾਅਦ ਵੀ ਇਹ ਰਹੇਗਾ। ਸਾਨੂੰ ਕਦੇ ਰਾਹਤ ਨਹੀਂ ਮਿਲੇਗੀ। ਅਸੀਂ ਨਰਕ ਵਿਚ ਕੱਲ ਤੇ ਪੂਰਵਾਵਾਸ ਨਾਲ ਦੁੱਖ ਭੋਗਾਂਗੇ ਅਤੇ ਅਸਲ ਵਿਚ ਅਸੀਂ ਕੱਲ ਅਤੇ ਅਨਾਦੀਕਾਲ ਲਈ ਨਰਕ ਵਿਚ ਦੁੱਖ ਭੋਗਾਂਗੇ।[8]

## "ਧਿਆਨ ਦੇਣ ਦਾ ਸਮਾਂ ਹੁਣੇ ਹੈ"

ਮੈਂ ਦੋ ਗੱਲਾਂ ਤੇ ਜ਼ੋਰ ਦਿੱਤਾ ਹੈ: (1) ਆਪਣੀ ਜ਼ਿੰਦਗੀ ਨੂੰ ਖ਼ੁਦਾ ਲਈ ਵਰਤੋ, ਕਿਉਂਕਿ (2) ''ਨਰਕ'' ਇਕ ਭਿਆਨਕ ਥਾਂ ਹੈ। ਇਸ ਤੋਂ ਲਗਦਾ ਹੈ ਕਿ ਮੈਨੂੰ ਆਖ਼ਰੀ ਸਿੱਖਿਆ ਦੇ ਦੇਣੀ ਚਾਹੀਦੀ ਹੈ ਕਿ *ਧਿਆਨ ਦੇਣ ਦਾ ਸਮਾਂ ਹੁਣੇ ਹੈ।*

### ਦੂਜਿਆਂ ਬਾਰੇ ਹੁਣੇ ਹੀ ਸੋਚੋ

ਮਰਨ ਤੋਂ ਪਹਿਲਾਂ, ਤੁਹਾਨੂੰ ਪਤਾ ਨਹੀਂ ਚੱਲ ਸਕੇਗਾ ਕਿ ਮਰਨਾ ਕਿੰਨੀ ਹੈਰਾਨੀ ਦੀ ਗੱਲ ਹੈ। ਤੁਸੀਂ ਬਹੁਤ ਸਾਰੀਆਂ ਯੋਜਨਾਵਾਂ ਬਣਾਉਂਦੇ ਹੋ। ਤੁਸੀਂ ਕਈ ਕੰਮ ਕਰਨ ਦੀ ਸੋਚਦੇ ਹੋ। ਫਿਰ ਇਕ ਝਪਕੀ ਅਤੇ ਤੁਸੀਂ ਮਰ ਗਏ। ਤਿਆਰ ਹੋਵੋ ਜਾਂ ਨਾ, ਤੁਹਾਡੀ ਜ਼ਿੰਦਗੀ ਮੁੱਕ ਗਈ ਹੈ।

ਮੈਂ ਇਹ ਗੱਲ ਇਸ ਲਈ ਕੀਤੀ ਕਿਉਂਕਿ ਜੇ ਤੁਸੀਂ ਕਿਸੇ ਦੂਜੇ ਦੀ ਮਦਦ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਹੁਣ ਸਮਾਂ ਹੈ। ਤੁਹਾਡੀ ਮੌਤ ਵੀ ਹੋ ਸਕਦੀ ਹੈ। ਮੈਂ ਡਰਾਉਣ ਦੀ ਕੋਸ਼ਿਸ਼ ਨਹੀਂ ਕਰ

ਰਿਹਾ ਹਾਂ; ਮੈਂ ਤਾਂ ਤੁਹਾਨੂੰ ਸੱਚਾਈ ਦੱਸ ਰਿਹਾ ਹਾਂ।

ਮੇਰੇ ਪੰਜ ਭਰਾ ਸਨ। ਧਰਤੀ ਤੇ ਰਹਿੰਦੇ ਹੋਏ ਮੈਂ ਜੋ ਕੰਮ *ਨਹੀਂ* ਕੀਤਾ, ਉਹ ਉਨ੍ਹਾਂ ਦੀਆਂ ਰੂਹਾਂ ਦੀ ਹਾਲਾਤ ਦਾ ਧਿਆਨ ਕਰਨਾ ਸੀ। ਮੈਂ ਉਨ੍ਹਾਂ ਨੂੰ ਸਮੇਂ ਸਮੇਂ ਤੇ ਮਿਲਦਾ ਸੀ। ਕਦੇ ਕਦੇ ਸਾਡੇ ਪਰਿਵਾਰ ਇਕੱਠੇ ਹੋ ਜਾਂਦੇ ਸਨ। ਪਰ ਉਨ੍ਹਾਂ ਦੀ ਰੂਹਾਨੀ ਹਾਲਾਤ ਦਾ ਮੈਂ ਕਦੇ ਧਿਆਨ ਨਹੀਂ ਕੀਤਾ। ਫਿਰ ਜਦੋਂ ਮੇਰੀ ਮੌਤ ਹੋ ਗਈ ਅਤੇ ਮੈਨੂੰ ਸਮਝ ਆਈ ਕਿ ਜ਼ਿੰਦਗੀ ਕੀ ਹੈ, ਅਤੇ ਮੈਂ ਇਕ ਦੁੱਖ ਦੀ ਸਜ਼ਾ ਦੇ ਅਨੁਭਵ ਕੀਤਾ, ਤਾਂ ਮੇਰੇ ਧਿਆਨ ਵਿਚ ਆਇਆ ਕਿ ਉਨ੍ਹਾਂ ਨੇ ਤਾਂ ਕੋਈ ਤਿਆਰੀ ਹੀ ਨਹੀਂ ਕੀਤੀ ਹੈ, ਮੈਂ ਚਾਹੁੰਦਾ ਸੀ ਕਿ ਮੈਨੂੰ ਜਾਂ ਲਾਜ਼ਰ ਨੂੰ ਜਾਂ ਉਨ੍ਹਾਂ ਵਿੱਚੋਂ ਕਿਸੇ ਨੂੰ ਇਹ ਆਖਣ ਲਈ ਭੇਜਿਆ ਜਾਵੇ ਕਿ ਉਹ ''ਆਪਣੀ ਜ਼ਿੰਦਗੀ ਬਦਲ ਲੈਣ!''

ਵਾਪਸ ਜਾਣ ਦਾ ਕੋਈ ਤਰੀਕਾ ਨਹੀਂ ਹੈ। ਸੁਣਿਆ ਹੈ ਕਿ ਤੁਹਾਡੇ ਸੰਸਾਰ ਦੇ ਕੁਝ ਲੋਕ ਮੁਰਦਿਆਂ ਨਾਲ ਗੱਲ ਕਰਨ ਦਾ ਦਾਅਵਾ ਕਰਦੇ ਹਨ। ਉਹ ਜਾਂ ਤਾਂ ਝੂਠੇ ਹਨ ਜਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਨ। ਮੇਰੇ ਭਰਾਵਾਂ ਨੂੰ ਸੰਦੇਸ਼ ਪਹੁੰਚਾਉਣ ਦਾ ਕੋਈ ਤਰੀਕਾ ਨਹੀ ਸੀ। ਮੇਰੇ ਕੋਲ ਮੌਕੇ ਖ਼ਤਮ ਹੋ ਚੁੱਕੇ ਸਨ। ਇਸ ਤਰ੍ਹਾਂ ਇਕ ਇਕ ਕਰਕੇ ਮੇਰੇ ਭਰਾ ਮਰ ਗਏ। ਇਕ ਇਕ ਕਰਕੇ ਉਹ ਇੱਥੇ ਆਏ। ਉਨ੍ਹਾਂ ਦੀਆਂ ਚੀਕਾਂ ਅਤੇ ਵਿਰਲਾਪ ਕਿੰਨਾ ਭਿਆਨਕ ਹੈ, ਜਿਨ੍ਹਾਂ ਨਾਲ ਮੈਂ ਕਦੇ ਪਿਆਰ ਕਰਦਾ ਸੀ।

ਤੁਹਾਡੇ ਲਈ ਸਭ ਤੋਂ ਖ਼ਾਸ ਆਦਮੀ ਕੌਣ ਹੈ? ਕੋਈ ਰਿਸ਼ਤੇਦਾਰ? ਕੋਈ ਦੋਸਤ? ਕੋਈ ਗੁਆਂਢੀ? ਜੇ ਹੈ ਤਾਂ ਹੁਣੇ ਦੱਸੋ। ਉਸ ਨੂੰ ਖ਼ੁਦਾ ਅਤੇ ਅਨਾਦੀਕਾਲ ਬਾਰੇ ਦੱਸੋ। ਉਸ ਨੂੰ ਸਮਝਾਓ (ਜਿਵੇਂ ਬਹੁਤ ਪਹਿਲਾਂ ਅਬਰਾਹਾਮ ਨੇ ਮੈਨੂੰ ਸਮਝਾਇਆ ਸੀ) ਕਿ ਖ਼ੁਦਾ ਦੀ ਮਰਜ਼ੀ ਜਾਣਨ ਦਾ ਇੱਕੋ ਤਰੀਕਾ ਲਿਖਤ ਹੈ। ਉਨ੍ਹਾਂ ਨਾਲ ਉਹ ਆਦਮੀ ਹੋਵੇ ਜਾਂ ਔਰਤ, ਪਿਤਾ ਦੇ ਕੋਲ ਆਉਣ ਦੀ ਬੇਨਤੀ ਕਰੋ। ਉਨ੍ਹਾਂ ਨੂੰ ਬੇਨਤੀ ਕਰਨ ਵਿਚ ਡਰ ਜਾਂ ਘੁਮੰਡ ਤੁਹਾਡੇ ਰਾਹ ਵਿਚ ਰੁਕਾਵਟ ਨਾ ਬਣੇ। ਮਿੰਨਤ ਕਰੋ, ਬੇਨਤੀ ਕਰੋ, ਕਿਉਂਕਿ ਇਕ ਆਤਮਾ ਦਾਅ ਤੇ ਲੱਗੀ ਹੈ, ਉਹ ਆਤਮਾ ਜੋ ਅਨਾਦੀਕਾਲ ਲਈ ਕਿਤੇ ਨਾ ਕਿਤੇ ਰਹੇਗੀ।

ਮੇਰੀ ਮੌਤ ਦੇ ਕੁਝ ਸਮੇਂ ਦੇ ਬਾਅਦ ਦੀ ਗੱਲ ਹੈ, ਸਲੀਬ ਤੇ ਮਸੀਹ ਮਰਿਆ ਸੀ– ਜਿਸ ਨੂੰ ਤੁਸੀਂ ਯਿਸੂ ਆਖਦੇ ਹੋ। ਉਨ੍ਹਾਂ ਨੂੰ ਤਿੰਨ ਦਿਨਾਂ ਦਾ ਸਮਾਂ ਜਦੋਂ ਉਹ ਮਰਿਆ ਹੋਇਟਾ ਸੀ, ਉਸ ਦੀ ਆਤਮਾ ਇੱਥੇ ਪਤਾਲ ਵਿਚ ਸੀ।[9] ਮੈਂ ਉਸ ਨੂੰ ਖਾਈ ਦੇ ਪਾਰ ਤੋਂ ਵੇਖ ਸਕਦਾ ਸੀ, ਅਤੇ ਛੁਟਕਾਰਾ ਪਾਏ ਹੋਇਆਂ ਦੇ ਆਨੰਦ ਦਾ ਰੌਲਾ ਸੁਣ ਸਕਦਾ ਸੀ। ਉਹ ਸਚਮੁਚ ਅਦਭੁਤ ਮੁਕਤੀਦਾਤਾ ਹੋਵੇਗਾ। ਯਕੀਨਨ ਹੀ, ਜੇ ਤੁਸੀਂ ਲੋਕਾਂ ਨੂੰ ਉਸ ਬਾਰੇ ਦੱਸ ਸਕੋ ਤਾਂ ਬਹੁਤ ਸਾਰੇ ਲੋਕ ਉਸ ਨੂੰ ਮਨਾਉਣਾ ਚਾਹੁਣਗੇ। ਉਹ ਨਾ ਵੀ ਮੰਨੇ, ਤਾਂ ਵੀ ਤੁਹਾਨੂੰ ਪਤਾ ਚੱਲ ਜਾਵੇਗਾ।

## ਹੁਣ ਆਪਣੇ ਬਾਰੇ ਵਿਚ ਧਿਆਨ ਦਿਓ

ਦੂਜਿਆਂ ਦਾ ਧਿਆਨ ਕਰਨ ਤੋਂ ਪਹਿਲਾਂ ਆਪਣਾ ਧਿਆਨ ਵੀ ਕਰਨਾ ਜ਼ਰੂਰੀ ਹੈ। ਇੱਥੇ ਹਰ ਕੋਈ ਰਾਹਤ ਲਈ, ਥੋੜ੍ਹੀ ਜਿਹੀ ਰਾਹਤ ਲਈ ਲਗਾਤਾਰ ਬੁਲਾ ਰਿਹਾ ਹੈ। ਇਸ ਦੇ ਨਾਲ ਹੀ, ਅਸੀਂ ਜਾਣਦੇ ਹਾਂ ਕਿ ਮੌਤ ਦੇ ਬਾਅਦ ਦੀ ਹਾਲਤ ਸਿਰਫ਼ ਮਰਨ ਤੋਂ ਪਹਿਲਾਂ ਦੀ ਪਾਈ ਜਾ ਸਕਦੀ ਹੈ। ਤਦ ਹੀ ਸਾਡੇ ਕੋਲ ਮੌਕਾ ਸੀ।

ਕਿਰਪਾ ਦੇ ਯੁੱਗ ਵਿਚ, ਸ਼ਰ੍ਹਾ ਅਤੇ ਨਬੀਆਂ ਰਾਹੀਂ ਦੱਸੀਆਂ ਗਈਆਂ ਬਰਕਤਾਂ ਦਾ ਅਨੰਦ ਲੈਣਾ ਕਿੰਨਾ ਅਦਭੁੱਦ ਹੋਵੇਗਾ। ਸੁਣਿਆ ਹੈ ਕਿ ਇਸ ਆਖਰੀ ਯੁੱਗ ਵਿਚ ਬਚਾਏ ਜਾਣ ਦੀਆਂ ਸ਼ਰਤਾਂ ਲੋਕਾਂ ਲਈ ਯਿਸੂ ਦੇ ਬਲੀਦਾਨ ਵਿਚ ਭਰੋਸਾ ਕਰਨਾ, ਯਿਸੂ ਵੱਲ ਮੁੜਨਾ ਅਤੇ ਬਪਤਿਸਮੇ ਵਿਚ ਉਸ ਨਾਲ ਦੱਬੇ ਜਾਣਾ (ਡੋਬੇ ਜਾਣਾ) ਹੈ।[10] ਜਾਣ ਵਾਲਿਆਂ ਨੂੰ ਤੌਬਾ ਕਰਨਾ, ਕਬੂਲ ਅਤੇ ਦੁਆ ਦੇ ਰਾਹੀਂ ਉਹ ਦੇ ਕੋਲ ਵਾਪਿਸ ਆਉਣ ਲਈ ਆਖਿਆ ਜਾਂਦਾ ਹੈ।[11] ਮੈਨੂੰ ਤਾਂ ਬਹੁਤ ਅਸਾਨ ਲਗਦਾ ਹੈ; ਸਮਝ ਨਹੀਂ

ਆਉਂਦੀ ਕਿ ਨਵੀਆਂ ਗੱਲਾਂ ਵਿਚ ਨਾਂਹ ਕਿਵੇਂ ਕਰ ਸਕਦਾ ਹੈ। ਮੈਂ ਆਪਣੇ ਆਪ ਨੂੰ ਤਾਂ ਭੁੱਲਿਆ ਹੀ ਗਿਆ ਹੈ ਮੈਂ ਵੀ ਤਾਂ ਮੌਕਾ ਗੁਆ ਦਿੱਤਾ ਸੀ, ਜਿਸ ਕਾਰਣ ਐੱਨਾ ਵੱਡਾ ਦੁਖਾਂਤ ਵਾਪਰ ਗਿਆ ਹੈ।

ਇਵੇਂ ਹੀ ਹੋਵੇਗਾ? ਬੇਸ਼ੱਕ, ਜੇ ਲੋਕਾਂ ਨੂੰ ਪਤਾ ਹੋਵੇ ਕਿ ਜ਼ਿੰਦਗੀ ਕੀ ਹੈ, ਅਤੇ ਜੇ ਉਨ੍ਹਾਂ ਨੂੰ ਪਤਾ ਹੋਵੇ ਕਿ ਮੌਤ ਦੇ ਪਰਦੇ ਦੇ ਅੱਗੇ ਕੀ ਹੈ, ਤਾਂ ਉਹ ਆਪਣੀਆਂ ਜ਼ਿੰਦਗੀਆਂ ਨੂੰ ਜਾਚਣਗੇ ਅਤੇ ਉਂਥੇ ਆਪਣੀਆਂ ਲੋੜਾਂ ਨੂੰ ਵੇਖ ਕੇ ਉਨ੍ਹਾਂ ਲੋੜਾਂ ਦਾ ਧਿਆਨ ਕਰਨਗੇ। ਇਸ ਲਈ ਮੇਰੀ ਕਹਾਣੀ ਐਰੇ ਗੈਰੇ ਨੂੰ ਦੱਸਣਾ ਇਨ੍ਹਾਂ ਸੱਚਾਈਆਂ ਨੂੰ ਹਰ ਇਨਸਾਨ ਨੂੰ ਜੋ ਵੀ ਤੁਹਾਨੂੰ ਮਿਲਦਾ ਹੈ, ਦੱਸਣਾ। ਉਨ੍ਹਾਂ ਨੂੰ ਤਨੋਂ ਮਨੋਂ ਦੱਸੋ। ਕਿਉਂਕਿ ਆਤਮਾਵਾਂ ਦੀ ਮੁਕਤੀ ਜਾਂ ਸਜ਼ਾ ਪਾਉਣਾ ਤੁਹਾਡੇ ਮੋਢਿਆਂ ਤੇ ਹੈ। ਜੇ, ਦੱਸਣਾ ਨਾਲ ਇਕ ਵੀ ਅਤਾਮਾ ਖ਼ੁਦਾ ਦੀ ਵੱਲ ਆਉਂਦਾ ਹੈ ਜਾਂ ਪ੍ਰਭੂ ਦੀ ਮੁਕਤੀ ਨੂੰ ਕਬੂਲ ਕਰਨ ਲਈ ਆਉਂਦੀ ਹੈ, ਤਾਂ ਮੇਰਾ ਦੁੱਖ ਸਹਿਣਾ ਵਿਅਰਥ ਨਹੀਂ ਜਾਵੇਗਾ।

ਪਰ, ਪਹਿਲਾਂ ਆਪਣੇ ਬਚਾਏ ਜਾਣ ਨੂੰ ਪੱਕਾ ਕਰ ਲਓ। ਮੇਰੇ ਦੋਸਤ, ਮੈਂ ਨਹੀਂ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਅਨਾਦੀਕਾਲ ਲਈ ਰਹੋ, ਜਿੱਥੇ ਮੈ ਰਿਹਾ ਹਾਂ।

ਹਮੇਸ਼ਾ ਲਈ ਅਲਵਿਦਾ (ਉਮੀਦ ਹੈ)
ਜਿਵੇਂ ਕਿ ਤੁਸੀਂ ਜਾਣਦੇ ਹੀ ਹੋ:
ਲੂਕਾ 16 ਅਧਿਆਇ ਵਾਲਾ ਅਮੀਰ ਆਦਮੀ

---

## ਨੋਟਸ

ਇਹ ਟ੍ਰੈਕਟ ਦੇ ਰੂਪ ਵਿਚ ਛਪੇ ਇਕ ਵੇਰਵੇ ਸਹਿਤ ਉਪਦੇਸ਼ ਦਾ ਦੁਹਰਾਇਆ ਜਾਣਾ ਹੈ। ਇਹ ਸਰਮਨ ਹਾਊਨ ਪਬਲਿਸ਼ਿੰਗ ਕੰ., ਬਾਕਸ 3426, ਪੈਸਾਡੀਨਾ, ਟੈਕਸਸ 77501 ਤੋਂ ਇਜਾਜ਼ਤ ਲੈ ਕੇ ਛਾਪਿਆ ਗਿਆ ਹੈ। ਕਈ ਸਾਲ ਪਹਿਲਾਂ ਮੈਨੂੰ ਇਕ ਪ੍ਰਚਾਰਕ ਨੇ ਇਸ ਅਮੀਰ ਆਦਮੀ ਵੱਲੋਂ ਮਿਲੀ ਚਿੱਠੀ ਪੜ੍ਹਨ ਦੀ ਗੱਲ ਦੱਸੀ ਸੀ। ਪਤਾ ਨਹੀਂ ਕਿ ਪ੍ਰਚਾਰਕ ਦੀ ਇਸ ਚਿੱਠੀ ਵਿਚ ਕੀ ਸੀ, ਪਰ ''ਨਰਕ ਚੋਂ ਚਿੱਠੀ'' ਦੀ ਪ੍ਰੇਰਣਾ ਮੈਨੂੰ ਇਸੇ ਤੋਂ ਮਿਲੀ ਸੀ।

ਇਸ ਨੂੰ ਉਪਦੇਸ਼ ਦੇ ਰੂਪ ਵਿਚ ਵਰਤਣ ਤੇ ਮੈਂ ਪੇਸ਼ਕਸ਼ ਤੋਂ ਪਹਿਲਾਂ ਕਿਸੇ ਨੂੰ ਲੂਕਾ 16: 19–31 ਪੜ੍ਹਨ ਲਈ ਆਖਦਾ ਹਾਂ। ਉੱਠਣ ਵੇਲੇ, ਮੈਂ ਸੁਣਨ ਵਾਲਿਆਂ ਨੂੰ ਯਾਦ ਦੁਆਉਂਦਾ ਹਾਂ ਕਿ ਇਸ ਅਮੀਰ ਆਦਮੀ ਨੂੰ ਆਪਣੇ ਭਰਾਵਾਂ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਮਿਲੀ ਸੀ। ਫਿਰ ਮੈਂ ਪੁੱਛਦਾ ਹਾਂ, ''ਜੇ ਉਸ ਨੂੰ ਉਨ੍ਹਾਂ ਨਾਲ ਗੱਲ ਕਰਨ ਦੀ ਇਜਾਜ਼ਤ ਮਿਲ ਜਾਂਦੀ ਤਾਂ ਕੀ ਹੁੰਦਾ? ਜੇ ਇਹ ਉਸੇ ਦਾ ਸੰਦੇਸ਼ ਹੁੰਦਾ? ਜੇ ਉਸ ਨੂੰ ਅੱਜ ਸਾਡੇ ਨਾਲ ਗੱਲ ਕਰਨ ਦੀ ਇਜਾਜ਼ਤ ਹੁੰਦੀ? ਉਸ ਨੇ ਸਾਨੂੰ ਕੀ ਦੱਸਣ ਦੀ ਇੱਛਾ ਕਰਨੀ ਸੀ? ਅੱਜ ਲੂਕਾ 16 ਦੇ ਸ਼ਕਤੀਸ਼ਾਲੀ ਸੰਦੇਸ਼ਾਂ ਨੂੰ ਪ੍ਰਚਾਰ ਕਰਨ ਲਈ ਇਕ ਮਾਧਿਆਂ ਦੇ ਰੂਪ ਵਿਚ, ਮੈਂ ਤੁਹਾਥੋਂ ਚਾਹੁੰਦਾ ਹਾਂ ਕਿ ਇਹ ਕਲਪਨਾ ਕਰੋ ਕਿ ਉਸ ਅਮੀਰ ਆਦਮੀ ਨੂੰ ਤੁਹਾਨੂੰ ਚਿੱਠੀ ਲਿਖਣ ਦੀ ਇਜਾਜ਼ਤ ਮਿਲ ਗਈ ਹੈ। ਮੈ ''ਇਕ ਦੋਸਤ ਅਮਰੀਕਾ'' ਦੇ ਨਾਮ ਦਾ ਇਕ ਵੱਡਾ ਲਿਫ਼ਾਫ਼ਾ ਖੋਲ੍ਹਦਾ ਹਾਂ। ਲਿਫ਼ਾਫ਼ੇ ਦੇ ਸੱਜੇ ਪਾਸੇ ਨੁੱਕਰ ਵਿਚ ''ਅਮੀਰ ਆਦਮੀ, ਪਤਾਲ ਲੋਕ'' ਲਿਖਿਆ ਹੋਇਆ ਹੈ। ਲਿਫ਼ਾਫੇ ਵਿੱਚੋਂ ਚਿੱਠੀ ਕੱਢ ਕੇ ਪੜ੍ਹਨ ਲਗਦਾ ਹਾਂ।

ਇਸ ਅਧਿਐਨ ਦੀਆਂ ਟਿੱਪਣੀਆਂ ਅਮੀਰ ਆਦਮੀ ਦੇ ਮੇਰੇ ਚਿੱਠੀ ਪੜ੍ਹਨ ਲਈ ਜੋੜੀਆਂ ਗਈਆਂ ਹਨ। ਮੈ ਰੁਕਦਾ ਹਾਂ, ਉੱਪਰ ਵੇਖਦਾ ਹਾਂ, ਟਿੱਪਣੀ ਕਰਦਾ ਹਾਂ ਅਤੇ ਫੇਰ ਪੜ੍ਹਨ ਲਗਦਾ ਹਾਂ

ਕੀ ਇਸ ਪੇਸ਼ਕਸ਼ ਦਾ ਢੰਗ ਤੁਹਾਡੇ ਲਈ ਅਤੇ ਉਨ੍ਹਾਂ ਲਈ ਜਿਨ੍ਹਾਂ ਵਿਚ ਤੁਸੀਂ ਪ੍ਰਚਾਰ ਕਰਦੇ ਹੋ, ਸਹੀ ਹੈ? ਇਸਦਾ ਜਵਾਬ ਤੁਸੀਂ ਹੀ ਦੇ ਸਕਦੇ ਹੋ।

ਟਿੱਪਣੀਆਂ

[1]ਜ਼ਾਹਿਰ ਤੌਰ ਤੇ, ਅਮੀਰ ਆਦਮੀ ਇੱਥੇ 1 ਸਮੂਏਲ 16:7 ਦੀ ਗੱਲ ਕਰ ਰਿਹਾ ਹੈ। [2]ਉਸਦੇ ਧਿਆਨ ਵਿਚ ਮੱਤੀ 25:31–46 ਹੋਵੇਗਾ। [3]ਇਹ ਅੰਗ੍ਰੇਜ਼ੀ ਬਾਈਬਲ ਦਾ ਕਿੰਗ ਜੇਮਸ ਜਾਂ ਆਥੋਰਾਈਜ਼ਡ ਵਰਜ਼ਨ ਹੀ ਹੀ ਹੋ ਸਕਦਾ ਹੈ। [4]ਤਿੰਨ ਯੂਨਾਨੀ ਸ਼ਬਦ *ਗੇਹੰਨਾ* (***gehenna***) (ਜੋ ਦੁਸ਼ਟ ਲੋਕਾਂ ਦੇ ਆਖ਼ਰੀ ਰਹਿਣ ਸਥਾਨ ''ਅੱਗ ਦੀ ਝੀਲ'' ਲਈ ਹੈ), ਹੇਡਿਸ (***hades***) (ਜਿਸਦਾ ਮਤਲਬ ''ਅਣਡਿੱਠਾ *[ਸੰਸਾਰ]*'' ਹੈ ਅਤੇ ਨਿਆਂ ਦੀ ਉਡੀਕ ਕਰਨ ਵਾਲੀਆਂ ਸਭ ਰੂਹਾਂ ਦੀ ਭਾਵੇਂ ਉਹ ਚੰਗੀਆਂ ਹੋਣ ਜਾਂ ਬੁਰੀਆਂ ਗੱਲਾਂ ਕਰਦੇ ਹੋਣ), ਅਤੇ ਟਾਰਟਰਸ (***tartarus***) (ਪਤਾਲ ਦਾ ਇਹ ਭਾਗ ਜਿੱਥੇ ਦੁਸ਼ਟ ਲੋਕ ਨਿਆਂ ਦੀ ਉਡੀਕ ਕਰਦੇ ਹਨ) ਹੈ। ਪਹਿਲੇ ਤੇ ਵੇਖੋ ਮੱਤੀ 23:33; ਦੂਜੇ ਤੇ ਵੇਖੋ ਰਸੂਲਾਂ ਦੇ ਕੰਮ 2:31; ਤੀਜੇ ਤੇ ਵੇਖੋ 2 ਪਤਰਸ 2:4. [5]KJV ਵਿਚ ਲੂਕਾ 16:23 ਵਿਚ ''ਪਤਾਲ'' ਲਈ ''hell'' ਜਦ ਕਿ NASB ਵਿਚ ''Hades'' ਹੈ। [6]ਅਬਰਾਹਾਮ ਦੀ ਇਸ ਗੱਲ ਦੀ ਲੂਕਾ 16:26 ਵਿਚ ਤਸਦੀਕ ਹੁੰਦੀ ਹੈ। [7]ਸ਼ਾਇਦ ਇਹ ਅਮੀਰ ਯਸਾਯਾਹ 59:1, 2 ਅਤੇ ਇਸ ਨਾਲ ਮਿਲਦੀਆਂ ਜੁਲਦੀਆਂ ਆਇਤਾਂ ਦੀ ਗੱਲ ਕਰ ਰਿਹਾ ਹੈ। [8]ਕਿਸੇ ਨੇ ਇਹ ਹਵਾਲੇ ਟਿੱਪਣੀਆਂ ਵਿਚ ਜੋੜੇ ਹਨ: ਮੱਤੀ 25:46; ਮਰਕੁਸ 9:44; ਪਰਕਾਸ਼ ਦੀ ਪੋਥੀ 14:11. [9]ਇਹ ਰਸੂਲਾਂ ਦੇ ਕੰਮ 2:31 ਨਾਲ ਮੇਲ ਖਾਂਦਾ ਹੈ। [10]ਇਹ ਅਮੀਰ ਨਵੇਂ ਨੇਮ ਦੇ ਵਚਨਾਂ ਦੀ ਚੰਗੀ ਜਾਣਕਾਰੀ ਰੱਖਦਾ ਲੱਗਦਾ ਹੈ। ਇਹ ਮਰਕੁਸ 16:16; ਰਸੂਲਾਂ ਦੇ ਕੰਮ 2:38 ਅਤੇ ਰੋਮੀਆਂ 6:3–7 ਜਿਵੇਂ ਆਇਤਾਂ ਦਾ ਚੰਗਾ ਸਾਰ ਹੈ।

[11]ਇਹ ਕਥਨ ਰਸੂਲਾਂ ਦੇ ਕੰਮ 8:22, 23; ਯਾਕੂਬ 5:16 ਅਤੇ 1 ਯੂਹੰਨਾ 1:9 ਦਾ ਵਧੀਆ ਸਾਰ ਹੈ।